SEVEN OAKS
SCHOOL DIVISION
*community begins here*

**ਸੈਵਨ ਓਕਸ ਸਕੂਲ ਡਿਵੀਜ਼ਨ**
**ਟ੍ਰਾਂਸਪੋਰਟੇਸ਼ਨ ਡਿਪਾਰਟਮੈਂਟ**
1985 Grassmere Road, West St. Paul, MB R4A 6A3
ਟੈਲੀਫ਼ੋਨ 204-338-7051 ਫ਼ੈਕਸ ਨੰਬਰ 204-334-6889

ਬੱਸ ਸੇਵਾ ਪ੍ਰਾਪਤ ਕਰ ਸਕਣ ਵਾਲੇ ਯੋਗ ਵਿਦਿਆਰਥੀਆਂ ਅਤੇ ਉਹਨਾਂ ਲਈ ਜੋ ਬੱਸ ਸੇਵਾ ਲਈ ਬੇਨਤੀ ਕਰ ਰਹੇ ਹਨ ਵਿਦਿਆਰਥੀਆਂ ਦੇ ਮਾਪਿਆਂ/ਸਰਪ੍ਰਸਤਾਂ ਲਈ;

ਕਿਰਪਾ ਕਰਕੇ ਨੋਟ ਕਰੋ ਕਿ ਡਿਵੀਜ਼ਨ ਨੇ ਆਪਣੀ ਟਰਾਂਸਪੋਰਟੇਸ਼ਨ ਨੀਤੀ ਵਿੱਚ ਤਬਦੀਲੀ ਕੀਤੀ ਹੈ। ਕਿੰਡਰਗਾਰਟਨ – ਗ੍ਰੇਡ 6 ਦੇ ਵਿਦਿਆਰਥੀਆਂ ਨੂੰ ਹੁਣ ਬੱਸ ਸੇਵਾ ਪ੍ਰਾਪਤ ਕਰਨ ਲਈ ਯੋਗ ਹੋਣ ਵਾਸਤੇ 1.6 ਕਿ.ਮੀ. ਦੇ ਮਾਪਦੰਡ ਨੂੰ ਪੂਰਾ ਕਰਨਾ ਪਵੇਗਾ।

ਸੈਵਨ ਓਕਸ ਸਕੂਲ ਡਿਵੀਜ਼ਨ ਨੀਤੀ ਅਨੁਸਾਰ ਗ੍ਰੇਡ 7 ਵਿੱਚ ਜਾ ਰਹੇ ਉਹ ਸਾਰੇ ਵਿਦਿਆਰਥੀ ਜੋ 1.6 ਕਿ.ਮੀ. ਜਾਂ ਇਸ ਤੋਂ ਜ਼ਿਆਦਾ ਦੀ ਦੂਰੀ ‘ਤੇ ਰਹਿੰਦੇ ਹਨ, ਉਹ ਹੁਣ ਮੁਫ਼ਤ ਬੱਸ ਸੇਵਾ ਪ੍ਰਾਪਤ ਕਰਨ ਦੇ ਯੋਗ ਨਹੀਂ ਹਨ।

ਜੇਕਰ ਮੌਜੂਦਾ ਬੱਸ ਰੂਟ ਵਿੱਚ ਸੀਟ ਉਪਲਬਧ ਹੋਣ ‘ਤੇ ਹੀ ਵਰਤੋਂਕਾਰ ਫ਼ੀਸ ਦੇ ਆਧਾਰ ‘ਤੇ ਟਰਾਂਸਪੋਰਟੇਸ਼ਨ ਦਿੱਤੀ ਜਾਵੇਗੀ। ਸੀਟ ਖਰੀਦਣ ਲਈ ਘੱਟੋ ਘੱਟ 1.3 ਕਿ.ਮੀ. ਦੂਰੀ ਹੋਣੀ ਚਾਹੀਦੀ ਹੈ। ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਸੀਟ ਉਪਲਬਧ ਹੋਵੇਗੀ, ਵਿਦਿਆਰਥੀਆਂ ਨੂੰ ਇਸ ਬਾਰੇ ਸਤੰਬਰ ਵਿੱਚ ਸੂਚਿਤ ਕੀਤਾ ਜਾਵੇਗਾ।

| **ਇਕਹਿਰੇ ਵਿਦਿਆਰਥੀ ਲਈ ਰੇਟ** | | **ਦੋ ਜਾਂ ਦੋ ਤੋਂ ਵੱਧ ਵਿਦਿਆਰਥੀਆਂ ਲਈ (ਅਧਿਕਤਮ ਪਰਿਵਾਰ)** | |
|---|---|---|---|
| ਗ੍ਰੇਡ K-6 | $653.00 | ਦੋ ਜਾਂ ਦੋ ਤੋਂ ਵੱਧ K ਤੋਂ ਗ੍ਰੇਡ 6 | $1,206.00 |
| ਗ੍ਰੇਡ 7-8 | $885.00 | ਇੱਕ ਵਿਦਿਆਰਥੀ K ਤੋਂ 6 ਤੱਕ ਅਤੇ ਇੱਕ ਵਿਦਿਆਰਥੀ 7 ਤੋਂ 8 ਤੱਕ | $1,438.00 |
| ਗ੍ਰੇਡ 9-12 | $885.00 | ਦੋ ਜਾਂ ਦੋ ਤੋਂ ਵੱਧ ਵਿਦਿਆਰਥੀਆਂ ਲਈ ਗ੍ਰੇਡ 7 ਤੋਂ 8 | $1,670.00 |

**ਉਮਰ ਵਿੱਚ ਸਭ ਤੋਂ ਵੱਡੇ ਦੋ ਵਿਦਿਆਰਥੀਆਂ ਦੇ ਗ੍ਰੇਡ ਮੁਤਾਬਕ ਫ਼ੀਸ ਨਿਰਧਾਰਿਤ ਹੋਵੇਗੀ।** ਤੀਜੇ ਵਿਦਿਆਰਥੀ (3 ਜਾਂ ਇਸ ਤੋਂ ਜ਼ਿਆਦਾ ਬੱਚਿਆਂ ਵਾਲੇ ਪਰਿਵਾਰ ਵਿੱਚ) ਨੂੰ ਅਧਿਕਤਮ ਪਰਿਵਾਰ ਫ਼ੀਸ ਅਨੁਸੂਚੀ ਦੀ ਵਰਤੋਂ ਕਰਕੇ ਟਰਾਂਸਪੋਰਟੇਸ਼ਨ ਮੁਫ਼ਤ ਵਿੱਚ ਮਿਲੇਗੀ। (ਛੋਟ, ਜੇ ਲਾਗੂ ਹੋਵੇ, ਤਾਂ ਪਹਿਲਾਂ ਹੀ ਅਧਿਕਤਮ ਪਰਿਵਾਰ ਵਿੱਚੋਂ ਹਟਾ ਦਿੱਤੀ ਗਈ ਹੈ।)

---

## ਭੁਗਤਾਨ ਦੇ ਵਿਕਲਪ

- ਪੂਰੀ ਫ਼ੀਸ ਦਾ ਭੁਗਤਾਨ **ਢੁਕਵੀਂ ਨਕਦੀ** (ਦਫ਼ਤਰਾਂ ਵਿੱਚ ਖੁਲ੍ਹੇ ਪੈਸੇ ਨਹੀਂ ਹੁੰਦੇ) ਦੇ ਰੂਪ ਵਿੱਚ, ਟਰਾਂਸਪੋਰਟੇਸ਼ਨ ਦਫ਼ਤਰ ਜਾਂ ਸਕੂਲ ਦੇ ਦਫ਼ਤਰ ਵਿਖੇ ਕੀਤਾ ਜਾ ਸਕਦਾ ਹੈ
- ਪੂਰੀ ਫ਼ੀਸ ਦਾ ਭੁਗਤਾਨ **ਚੈੱਕ** ਦੇ ਰੂਪ ਵਿੱਚ (ਮਨੀ ਆਰਡਰ ਜਾਂ ਬੈਂਕ ਡਰਾਫਟ) ਕੀਤਾ ਜਾ ਸਕਦਾ ਹੈ ਅਤੇ **ਚੈੱਕ ਇਸ ਨਾਮ ‘ਤੇ ਕੱਟਿਆ ਜਾਵੇਗਾ: “Seven Oaks School Division”।** ਇਸ ਚੈੱਕ ਦੀ ਤਾਰੀਖ਼ 30 ਅਗਸਤ, 2026 ਤੋਂ ਬਾਅਦ ਦੀ ਨਹੀਂ ਹੋਣੇ ਚਾਹੀਦੀ।
- Interac ਰਾਹੀਂ ਪੂਰੀ ਫ਼ੀਸ ਦਾ ਭੁਗਤਾਨ ਜਾਂ ਤਾਂ ਪੇਰੈਂਟ ਕਨੈਕਟ ‘ਤੇ ਆਨਲਾਈਨ ਜਾਂ ਟਰਾਂਸਪੋਰਟੇਸ਼ਨ ਦਫ਼ਤਰ ਵਿਖੇ ਵਿਅਕਤੀਗਤ ਰੂਪ ਵਿੱਚ ਕੀਤਾ ਜਾ ਸਕਦਾ ਹੈ
- **Visa/MasterCard**

a) ਵਿਕਾਤੀਗਤ ਰੂਪ ਵਿੱਚ ਪੂਰੀ ਫ਼ੀਸ ਦਾ ਭੁਗਤਾਨ ਟਰਾਂਸਪੋਰਟੇਸ਼ਨ ਦਫ਼ਤਰ ਵਿਖੇ ਕੀਤਾ ਜਾ ਸਕਦਾ ਹੈ

b) ਪੇਰੈਂਟ ਕਨੈਕਟ ਵਿੱਚ ਆਨਲਾਈਨ ਤੌਰ ‘ਤੇ ਭੁਗਤਾਨਯੋਗ (ਪੂਰੀ ਫ਼ੀਸ ਜਾਂ 1 ਸਤੰਬਰ, 1 ਨਵੰਬਰ, 1 ਜਨਵਰੀ, ~~1 ਮਾਰਚ~~ ਨੂੰ ਤਿਮਾਹੀ ਭੁਗਤਾਨ)March 1 changed to April 1

**ਮਹੀਨਾਵਾਰ ਭੁਗਤਾਨ:**

ਇੱਕ ਰੱਦ ਕੀਤੇ ਚੈੱਕ ਜਾਂ ਬੈਂਕ ਦੇ ਤਸਦੀਕੀਕਰਨ ਪੱਤਰ ਦੇ ਨਾਲ ਪੂਰਾ ਕੀਤਾ ਅਤੇ ਨੱਥੀ ਕੀਤਾ **ਪਹਿਲਾਂ ਤੋਂ ਅਧਿਕਾਰਿਤ ਡੈਬਿਟ ਫ਼ਾਰਮ**

10 ਬਰਾਬਰ ਮਹੀਨਾਵਾਰ ਭੁਗਤਾਨ, **ਜੋ 1 ਸਤੰਬਰ ਨੂੰ ਪਹਿਲੇ ਭੁਗਤਾਨ ਨਾਲ ਸ਼ੁਰੂ ਹੋ ਕੇ, ਫਿਰ ਹਰ ਮਹੀਨੇ 1 ਅਕਤੂਬਰ, 2026 ਤੋਂ 1 ਜੂਨ, 2027** (ਜਾਂ ਹਰ ਮਹੀਨੇ ਦੀ ਪਹਿਲੀ ਤਾਰੀਖ ਦੇ ਸਭ ਤੋਂ ਨੇੜਲੇ ਪਹਿਲੇ ਕੰਮਕਾਜੀ ਦਿਨ ਨੂੰ) ਤੱਕ ਕੀਤੇ ਜਾਣਗੇ।

***ਜੇਕਰ ਤੁਸੀਂ ਬੈਂਕ ਸੰਬੰਧੀ ਜਾਣਕਾਰੀ ਬਦਲ ਰਹੇ ਹੋ, ਤਾਂ ਮਹੀਨਾ ਸ਼ੁਰੂ ਹੋਣ ਤੋਂ 10 ਕੰਮਕਾਜੀ ਦਿਨ ਪਹਿਲਾਂ ਤੁਹਾਨੂੰ ਇਸ ਬਾਬਤ ਨੋਟਿਸ ਦੇਣਾ ਪਵੇਗਾ***